(i) Printed Pages : 4] · Roll No. ..............................

(ii) Questions : 8] Sub. Code : | 0 | 5 | 0 | 8 |

Exam. Code : | 0 | 0 | 0 | 6 |

# B.A./B.Sc. (General) 6th Semester Examination

# 1047

## PUNJABI

## Paper : Elective

Time : 3 Hours] [Max. Marks : 90

ਨੋਟ :- 1. ਸਾਰੇ ਪ੍ਰਸ਼ਨ ਲਾਜ਼ਮੀ ਹਨ।

2. ਪ੍ਰਸ਼ਨ ਨੰ. 5 ਅਤੇ 6 ਦੇ ਉੱਤਰ ਇੱਕੋ ਹੀ ਥਾਂ ਦਿੱਤੇ ਜਾਣ।

1. ਕਿਸੇ ਇੱਕ ਕਾਵਿ-ਬੰਦ ਦੀ ਪ੍ਰਸੰਗ ਦੱਸਕੇ ਵਿਆਖਿਆ ਕਰੋ : 10

(ੳ) ਸੱਜਣ ਦੇ ਹੱਥ ਬਾਂਹ ਅਸਾਡੀ,
ਕਿਉ ਕਰਿ ਆਖਾਂ ਛੱਡਿਵੇ ਅੜਿਆ।
ਰਾਤ ਅੰਧੇਰੀ ਬੱਦਲ ਕਣੀਆਂ
ਬਾਝ ਵਕੀਲਾਂ ਮੁਸਕਲ ਬਣੀਆਂ।
ਡਾਢੇ ਕੀਤਾ ਸਭਿ ਵੇ ਅੜਿਆ।

ਜਾਂ

(ਅ) ਜੇ ਚੜ੍ਹੇ ਧੀਦੋ ਘੋੜੇ ਉਤੇ, ਬਾਹਰ ਪੰਖੀ ਨਾ ਠਹਿਰਾਇਨ।
ਮਿਹਰ ਪਰਿੰਦੇ ਮੋਨੀ ਸਹੀਅੜ ਪੈਰ ਨ ਮੂਲੇ ਚਾਇਨ।

ਨਰ ਨਾਰੀ ਜੇ ਕੋਈ ਵੇਖੇ, ਪਲ ਨ ਪਲਕਾਂ ਲਾਇਨ।

ਆਖ ਦਮੋਦਰ ਹਾਠ ਜਿੰਮੀ ਦੇ, ਧੀਦੋ ਨੂੰ ਵੇਖਣ ਆਇਨ।

2. ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ / ਸਾਰ ਲਿਖੋ : 10

(ੳ) ਚੰਦਨ ਰੁੱਖ ਲੱਗਾ ਵਿਚ ਵਿਹੜੇ

(ਅ) ਸਾਹਿਬਾਂ ਦਾ ਹੁਸਨ

3. ਕਿਸੇ **ਇੱਕ** ਕਾਵਿ-ਬੰਦ ਜਾਂ ਵਾਰਤਕ ਟੁਕੜੀ ਦੀ ਵਿਹਾਰਿਕ ਆਲੋਚਨਾ ਕਰੋ। 10

(ੳ) ਡੇਖ ਨ ਮੈਂਡੇ ਅਵਗੁਣ ਡਾਹੂੰ, ਤੇਰਾ ਨਾਮ ਸਤਾਰੀ ਦਾ।
ਤੂੰ ਸੁਲਤਾਨ ਸਭੇ ਕਿਛੁ ਸਰਦਾ, ਮਾਲਮ ਹੈ ਤੈਨੂੰ ਹਾਲ ਜਿਗਰ ਦਾ।
ਤਉਂ ਕੋਲੋਂ, ਕੂਛ ਨਾਂਹੀਂ ਪੜਦਾ, ਫੋਲਿ ਨਾ ਐਬ ਵਿਚਾਰੀ ਦਾ।
ਤੂੰ ਹੀ ਅਕਾਲ ਤੂੰ ਹੀ ਦਾਨਾਂ, ਤੂੰ ਹੀ ਮੇਰਾ ਕਰਿ ਖਸਮਾਨਾ।
ਜੋ ਕਿਛ ਕਿਲ ਮੇਰੇ ਵਿਚ ਗੁਜ਼ਰੇ, ਤੂੰ ਮਰਹਮ ਗੱਲ ਸਾਰੀ ਦਾ।
ਤੂੰ ਹੈ ਦਾਤਾ ਤੂੰ ਹੈ ਭੁਗਤਾ, ਸਭ ਕਿਛੁ ਦੇਂਦਾ ਮੂਲ ਨਾ ਚੁੱਕਦਾ।
ਤੂੰ ਦਰਿਆਉ ਮਿਹਰ ਦਾ ਵਹਿੰਦਾ, ਮਾਰਿਨ ਕੁਰਬ ਵਿਚਾਰੀ ਦਾ।
ਏਹੁ ਅਰਜ਼ ਹੁਸੈਨ ਸੁਨਾਵੈ, ਤੇਰਾ ਕੀਤਾ ਮੈਂ ਮਨਿ ਭਾਵੈ।
ਦੁਖ ਦਰਦ ਕਿਛੁ ਨੇੜਿ ਨਾ ਆਵੈ, ਹਰਦਮ ਸ਼ੁਕਰ ਗੁਜ਼ਾਰੀ ਦਾ।

(ਅ) 'ਓ ਪ੍ਰੀਤ ! ਤੂੰ ਮੁਲਕ ਨਹੀਂ ਵੇਖਦੀ, ਕੌਮ ਨਹੀਂ ਵੇਖਦੀ, ਲਹੂ ਨਹੀਂ ਵੇਖਦੀ, ਉਮਰ ਨਹੀਂ ਵੇਖਦੀ-ਜਿਥੇ ਜੀ ਆਵੀ, ਜਿਦ੍ਹੇ ਨਾਲ ਜੀ ਆਵੀ ਆਪਣੀਆਂ ਪੁਸ਼ਪ-ਕੜੀਆਂ ਨਾਲ ਤੂੰ ਕਸ ਦੇਨੀ ਏਂ।'

4. ਕਿਸੇ ਇਕ ਨਿਬੰਧ ਦੀ ਸਾਹਿਤਕ ਪਰਖ ਕਰੋ : 10

(ੳ) ਮੋਤੀ

(ਅ) ਹਰਿਮੰਦਰ ਮੁਸਕ੍ਰਾਉਂਦਾ ਹੈ

5. ਕਿਸੇ ਪੰਜ ਪ੍ਰਸ਼ਨਾਂ ਦੇ ਲਘੂ ਉੱਤਰ ਲਿਖੋ : $5 \times 2 = 10$

(ੳ) 'ਮੈਂ ਤੇਰੀ ਹੋ ਮੁੱਕੀ ਆਂ' ਕਾਫ਼ੀ ਵਿੱਚ ਆਏ ਵਿਚਾਰਾਂ ਨੂੰ ਦੱਸੋ।

(ਅ) 'ਸੰਜਣ ਦੇ ਹੱਥ ਬਾਂਹ ਅਸਾਡੀ' ਕਾਫ਼ੀ ਦਾ ਕੇਂਦਰੀ ਭਾਵ ਲਿਖੋ

(ੲ) 'ਵਿਚ ਵਿਚੋਲਾ ਕੇਹਾ' ਕਾਫ਼ੀ ਵਿਚ ਕਵੀ ਕੀ ਉਪਦੇਸ਼ ਦਿੰਦਾ ਹੈ।

(ਸ) ਹੀਰ ਦੇ ਜਨਮ ਸਮੇਂ ਦੀ ਕਿੱਸਾਕਾਰ ਨੇ ਕਿੰਝ ਤਸਵੀਰ ਖਿੱਚੀ ਹੈ।

(ਹ) ਲਿਲਾਹ ਦਾ ਸਕੂਲ ਕਿਹੋ ਜਿਹਾ ਸੀ ?

(ਕ) ਲੇਖਕ ਕੋਲ ਨਵੇਂ ਬੂਟ ਸਨ ਫਿਰ ਉਸ ਨੂੰ ਜੁੱਤੀ ਖ਼ਰੀਦਣ ਦੀ ਲੋੜ ਕਿਉਂ ਪਈ ?

(ਖ) ਮੋਤੀ ਵਿਚ ਕਿਹੜੇ ਕਿਹੜੇ ਗੁਣ ਸਨ ?

(ਗ) ਮਨਸੂਰਾ ਕੌਣ ਸੀ? ਉਸ ਬਾਰੇ ਤੁਸੀਂ ਕੀ ਜਾਣਦੇ ਹੋ ?

6. ਕਿਸੇ ਚਾਰ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ : $4 \times 5 = 20$

(ੳ) ਗੁਰੂ ਨਾਨਕ ਕਾਲ ਦੀ ਕਿੱਸਾ-ਕਾਵਿ ਧਾਰਾ ਸੰਬੰਧੀ ਚਰਚਾ ਕਰੋ।

(ਅ) ਹਾਫ਼ਿਜ਼ ਬਰਖੁਰਦਾਰ ਦੀ ਰਚਨਾ ਬਾਰੇ ਸੰਖ਼ੇਪ ਜਾਣਕਾਰੀ ਦਿਓ।

(ੲ) ਦਮੋਦਰ ਦੇ ਕਿੱਸੇ ਦਾ ਪੰਜਾਬੀ ਸਾਹਿਤ ਵਿਚ ਕੀ ਮਹੱਤਵ ਹੈ ?

(ਸ) ਨਾਨਕ ਕਾਲ ਦੀ ਵਾਰਤਕ ਸੰਬੰਧੀ ਸੰਖੇਪ ਜਾਣਕਾਰੀ ਦਿਓ।

(ਹ) ਗੁਰੂ ਨਾਨਕ ਕਾਲ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਬਾਰੇ ਸੰਖੇਪ ਚਰਚਾ ਕਰੋ।

(ਕ) ਨਾਥਾਂ ਜੋਗੀਆਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਸੰਬੰਧੀ ਜਾਣਕਾਰੀ ਦਿਓ।

7. ਕਿਸੇ **ਇੱਕ** ਸਿਧਾਂਤ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ : 10

(ੳ) ਮਨੋ-ਵਿਸ਼ਲੇਸ਼ਣੀ

(ਅ) ਮਾਰਕਸਵਾਦ

8. ਭਾਸ਼ਾ ਵਿਗਿਆਨ ਨਾਲ ਸੰਬੰਧਤ ਵਿਸ਼ਿਆਂ ਵਿਚੋਂ ਕਿਸੇ ਇਕ ਬਾਰੇ ਚਰਚਾ ਕਰੋ : 10

(ੳ) ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਅਤੇ ਇਸ ਨੂੰ ਵਿਗਿਆਨ ਕਹਿਣ ਸੰਬੰਧੀ ਤਰਕ ਵੀ ਪ੍ਰਸੱਤੁਤ ਕਰੋ।

(ਅ) ਭਾਸ਼ਾ ਵਿਗਿਆਨ ਅਤੇ ਮਾਨਵ-ਵਿਗਿਆਨ ਦੇ ਆਪਸੀ ਸੰਬੰਧਾਂ ਉੱਪਰ ਟਿੱਪਣੀ ਕਰੋ।